TRUCKING INDUSTRY SAFETY

# ਸਰਦੀਆਂ ਵਿੱਚ ਡ੍ਰਾਈਵਿੰਗ

ਸਰਦੀਆਂ ਵਿੱਚ ਡ੍ਰਾਈਵਿੰਗ ਕੈਨੇਡਾ ਅਤੇ ਉੱਤਰੀ ਅਮਰੀਕਾ ਵਿੱਚ ਡ੍ਰਾਈਵਰਾਂ ਲਈ ਵੱਡੀਆਂ ਚੁਣੌਤੀਆਂ ਪੇਸ਼ ਕਰਦੀ ਹੈ। ਬਰਫੀਲੇ ਤੂਫਾਨ, ਬਰਫੀਲੀਆਂ ਸੜਕਾਂ, ਅਤੇ ਸਿਫਰ ਤੋਂ ਹੇਠਾਂ ਦੇ ਤਾਪਮਾਨ ਵਾਧੂ ਖਤਰਨਾਕ ਸਥਿਤੀਆਂ ਦਾ ਕਾਰਨ ਬਣਦੇ ਹਨ। ਮੈਨੀਟੋਬਾ ਵਿੱਚ, ਤਾਪਮਾਨ ਅਕਸਰ -30°C ਤੋਂ ਹੇਠਾਂ ਚਲਾ ਜਾਂਦਾ ਹੈ, ਅਤੇ ਬਰਫਬਾਰੀ ਹੋਣ ਜਾਂ ਮੌਸਮ ਵਿੱਚ ਅਚਾਨਕ ਤਬਦੀਲੀਆਂ ਕਾਰਨ ਦ੍ਰਿਸ਼ਟਤਾ ਤੇਜ਼ੀ ਨਾਲ ਵਿਗੜ ਸਕਦੀ ਹੈ। ਸਰਦੀਆਂ ਵਿੱਚ ਡ੍ਰਾਈਵਿੰਗ ਕਰਨ ਲਈ ਤੇਜ਼ੀ ਨਾਲ ਬਦਲਦੀਆਂ ਸੜਕ ਅਤੇ ਮੌਸਮ ਦੀਆਂ ਸਥਿਤੀਆਂ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਤਿਕਿਰਿਆ ਕਰਨ ਲਈ ਵਾਧੂ ਸਾਵਧਾਨੀਆਂ ਦੀ ਲੋੜ ਹੁੰਦੀ ਹੈ।



## ਖ਼ਤਰੇ

- ਤਿਲਕਣਦਾਰ ਸੜਕਾਂ (ਆਈਸ, ਬਰਫ, ਸਲੱਸ਼):
  - o ਘਟਿਆ ਹੋਇਆ ਟ੍ਰੈਕਸ਼ਨ, ਜਿਸ ਨਾਲ ਰੁਕਣਾ, ਗੱਡੀ ਤੋਰਨਾ ਅਤੇ ਸਟੀਅਰ ਕਰਨਾ ਮੁਸ਼ਕਲ ਹੋ ਜਾਂਦਾ ਹੈ (ਸਕਿਡ ਕਰਨਾ ਜਾਂ ਨਿਯੰਤਰਣ ਗੁਆਉਣਾ)।
  - o ਕਾਲੀ ਬਰਫ ਅਦਿੱਖ ਹੁੰਦੀ ਹੈ ਅਤੇ ਆਮ ਤੌਰ 'ਤੇ ਪੁਲਾਂ, ਛਾਂ ਵਾਲੇ ਖੇਤਰਾਂ ਅਤੇ ਚੌਰਾਹਿਆਂ 'ਤੇ ਪਾਈ ਜਾਂਦੀ ਹੈ।
- ਘਟੀ ਹੋਈ ਦ੍ਰਿਸ਼ਟਤਾ:
  - o ਉੱਡਦੀ ਬਰਫ ਅਤੇ ਵਾਹਨਾਂ ਦੇ ਧੂੰਏਂ ਦੇ ਬੱਦਲ।
  - o ਬਰਫ ਵਾਲੀਆਂ ਜਾਂ ਧੁੰਦ ਵਾਲੀਆਂ ਖਿੜਕੀਆਂ।
  - o ਬਰਫ ਨਾਲ ਢੱਕੇ ਵਾਹਨ।
- ਸਰਦੀਆਂ ਦਾ ਬੁਨਿਆਦੀ ਢਾਂਚਾ:
  - o ਬਰਫ ਦੇ ਢੇਰ ਅਤੇ ਭੀੜੀਆਂ ਲੇਨਾਂ।
  - o ਬਰਫ ਨਾਲ ਢੱਕੀਆਂ ਰੁਕਾਵਟਾਂ।
- ਮਕੈਨੀਕਲ ਅਸਫਲਤਾਵਾਂ:
  - o ਠੰਡੇ ਮੌਸਮ ਦਾ ਬੈਟਰੀਆਂ, ਬ੍ਰੇਕਾਂ ਅਤੇ ਤਰਲ ਪਦਾਰਥਾਂ 'ਤੇ ਅਸਰ ਪੈਂਦਾ ਹੈ।
- ਤੂਫਾਨਾਂ ਦੌਰਾਨ ਫੱਸ ਜਾਣਾ:
  - o ਰਿਮੋਟ ਰੂਟਾਂ 'ਤੇ ਮਦਦ ਜਾਂ ਸੇਵਾਵਾਂ ਤੱਕ ਸੀਮਿਤ ਪਹੁੰਚ ਹੋ ਸਕਦੀ ਹੈ।
  - o ਤਾਪ ਦਾ ਸੀਮਿਤ/ਕੋਈ ਨਹੀਂ ਸਰੋਤ।
- ਥਕਾਵਟ ਅਤੇ ਤਣਾਉ:
  - o ਯਾਤਰਾ ਦੇ ਲੰਬੇ ਸਮੇਂ ਅਤੇ ਮਾੜੀਆਂ ਸਥਿਤੀਆਂ ਥਕਾਵਟ ਵਧਾਉਂਦੀਆਂ ਹਨ।

### ਕੀ ਤੁਸੀਂ ਜਾਣਦੇ ਹੋ?

-1°C 'ਤੇ ਬਰਫ -18°C 'ਤੇ ਆਈਸ ਨਾਲੋਂ ਦੁੱਗਣੀ ਤਿਲਕਣ ਵਾਲੀ ਹੁੰਦੀ ਹੈ, ਅਤੇ ਆਈਸ ਵਾਲੀਆਂ ਸੜਕਾਂ 'ਤੇ ਰੁਕਣ ਦੀਆਂ ਦੂਰੀਆਂ 10 ਗੁਣਾ ਲੰਬੀਆਂ ਹੋ ਸਕਦੀਆਂ ਹਨ।

## ਨਿਯੰਤ੍ਰਣ



- ਆਪਣਾ ਵਾਹਨ ਤਿਆਰ ਕਰੋ
  - o ਟਾਇਰ ਪ੍ਰੈਸ਼ਰ ਅਤੇ ਟ੍ਰੇਡ (ਖਾਂਚਿਆਂ) ਦੀ ਡੂੰਘਾਈ ਦੀ ਜਾਂਚ ਕਰੋ (ਜੇ ਲਾਗੂ ਹੋਵੇ ਤਾਂ ਸਰਦੀਆਂ ਦੇ ਟਾਇਰਾਂ ਦੀ ਵਰਤੋਂ ਕਰੋ)।
  - o ਆਪਣੀਆਂ ਟਾਇਰਾਂ ਦੀਆਂ ਚੇਨਾਂ ਇਕੱਠੀਆਂ ਕਰੋ ਅਤੇ ਉਹਨਾਂ ਦੀ ਜਾਂਚ ਕਰੋ।
  - o ਬ੍ਰੇਕਾਂ, ਲਾਈਟਾਂ, ਵਾਈਪਰਾਂ ਅਤੇ ਤਰਲ ਦੇ ਪੱਧਰਾਂ ਦੀ ਜਾਂਚ ਕਰੋ।
  - o ਸਰਦੀਆਂ ਦੇ ਦਰਜੇ ਵਾਲੇ ਵਿੰਡਸ਼ੀਲਡ ਵਾਸ਼ਰ ਤਰਲ ਦੀ ਵਰਤੋਂ ਕਰੋ।
  - o ਨਮੀ ਬਣਨ ਅਤੇ ਜੰਮਣ ਤੋਂ ਬਚਣ ਲਈ ਤੇਲ ਦੀਆਂ ਟੈਂਕੀਆਂ ਨੂੰ ਭਰਿਆ ਰੱਖੋ।
  - o ਬਹੁਤ ਜ਼ਿਆਦਾ ਠੰਡ ਵਿੱਚ ਡੀਜ਼ਲ ਵਿੱਚ ਜੈੱਲ-ਵਿਰੋਧੀ ਪਦਾਰਥ ਮਿਲਾਓ।
  - o ਦ੍ਰਿਸ਼ਟਤਾ ਬਣਾਈ ਰੱਖਣ ਲਈ ਸ਼ੀਸ਼ਿਆਂ ਅਤੇ ਖਿੜਕੀਆਂ/ਵਿੰਡਸ਼ੀਲਡ ਨੂੰ ਸਾਫ਼ ਅਤੇ ਪਾਰਦਰਸ਼ੀ ਰੱਖੋ।
  - o ਟਰੱਕ ਅਤੇ ਟ੍ਰੇਲਰ ਤੋਂ ਇਕੱਠੀ ਹੋਈ ਬਰਫ ਨੂੰ ਹਟਾਓ।
    - » ਬਿਹਤਰ ਦੇਖਣ ਵਿੱਚ ਤੁਹਾਡੀ ਮਦਦ ਕਰਦਾ ਹੈ ਅਤੇ ਜਦੋਂ ਤੁਸੀਂ ਡ੍ਰਾਈਵ ਕਰਦੇ ਹੋ ਤਾਂ ਬਰਫ ਨੂੰ ਖਿਸਕ ਕੇ ਤੁਹਾਡੀ ਵਿੰਡਸ਼ੀਲਡ 'ਤੇ ਜਾਂ ਦੂਜੀਆਂ ਕਾਰਾਂ 'ਤੇ ਜਾਣ ਤੋਂ ਰੋਕਦਾ ਹੈ।
- ਸਰਦੀਆਂ ਦੀ ਐਮਰਜੈਂਸੀ ਕਿੱਟ
  - o ਗਰਮ ਕੱਪੜੇ, ਦਸਤਾਨੇ, ਟੋਪ ਅਤੇ ਕੰਬਲ।
  - o ਖ਼ਰਾਬ ਨਾ ਹੋਣ ਵਾਲਾ ਭੋਜਨ ਅਤੇ ਪਾਣੀ।
  - o ਫਲੈਸ਼ਲਾਈਟ, ਬੈਟਰੀਆਂ ਅਤੇ ਫੋਨ ਚਾਰਜਰ।
  - o ਬੇਲਚਾ, ਟ੍ਰੈਕਸ਼ਨ ਸਹਾਇਕ ਸਮਾਨ (ਜਿੱਥੇ ਇਜਾਜ਼ਤ ਹੋਵੇ ਚੇਨਾਂ, ਰੇਤ/ਕਿਟੀ ਕੂੜਾ)।
  - o ਫਸਟ ਏਡ ਕਿੱਟ।
- ਸੂਚਿਤ ਰਹੋ
  - o ਅਸਲ-ਸਮੇਂ ਵਿੱਚ ਸੜਕ ਦੀਆਂ ਸਥਿਤੀਆਂ ਲਈ ਮੈਨੀਟੋਬਾ 511 ਅਤੇ ਹੋਰ ਸਥਾਨਕ ਸੇਵਾਵਾਂ ਦੀ ਵਰਤੋਂ ਕਰੋ।
    - » ਬੰਦ ਹਾਈਵੇਅ 'ਤੇ ਯਾਤਰਾ ਨਾ ਕਰੋ!
  - o ਜੇ ਦ੍ਰਿਸ਼ਟਤਾ ਮਾੜੀ ਹੈ ਜਾਂ ਸੜਕਾਂ ਅਸੁਰੱਖਿਅਤ ਹਨ, ਤਾਂ ਪਾਰਕ ਕਰਨ ਲਈ ਸੁਰੱਖਿਅਤ ਜਗਹ੍ਹਾ ਲੱਭੋ ਅਤੇ ਉਡੀਕ ਕਰੋ।
    - » ਦੂਜੇ ਡ੍ਰਾਈਵਰਾਂ ਦੀ ਰੱਖਿਆ ਕਰਨ ਵਿੱਚ ਮਦਦ ਲਈ ਖਤਰਨਾਕ ਸਥਿਤੀਆਂ ਦੀ ਰਿਪੋਰਟ ਕਰੋ।
  - o ਖ਼ਤਰਿਆਂ ਬਾਰੇ ਡਿਸਪੈਚ ਅਤੇ ਹੋਰ ਡ੍ਰਾਈਵਰਾਂ ਨਾਲ ਸੰਚਾਰ ਕਰੋ।

*(ਜਾਰੀ)*



ਫ਼ੋਨ: 204-632-6600 | ਈਮੇਲ: info@rpmsafety.ca | ਵੈੱਬ: www.rpmsafety.ca

25 Bunting Street Winnipeg, MB R2X 2P5

# ਸਰਦੀਆਂ ਵਿੱਚ ਡ੍ਰਾਈਵਿੰਗ


o ਜੇ ਰਸਤੇ ਵਿੱਚ ਫੱਸ ਜਾਂਦੇ ਹੋ, ਤਾਂ ਵਾਹਨ ਦੇ ਅੰਦਰ ਹੀ ਰਹੋ।
» ਜਦੋਂ ਤੱਕ ਮਦਦ ਬਹੁਤ ਨੇੜੇ ਨਾ ਹੋਵੇ ਅਤੇ ਤੁਰਨਾ ਸੁਰੱਖਿਅਤ ਨਾ ਹੋਵੇ, ਬਾਹਰ ਨਾ ਨਿਕਲੋ।
» ਤਾਪ ਪ੍ਰਦਾਨ ਕਰਨ ਅਤੇ ਬਾਲਣ ਦੀ ਬਚਤ ਕਰਨ ਲਈ ਵਾਹਨ ਦੇ ਇੰਜਣ ਨੂੰ ਕਦੇ-ਕਦਾਈਂ ਚਲਾਓ।
» ਯਕੀਨੀ ਬਣਾਓ ਕਿ ਪਿਛਲਾ ਐਗਜ਼ੌਸਟ ਪਾਈਪ ਬਰਫ ਤੋਂ ਮੁਕਤ ਹੈ।

- ਡ੍ਰਾਈਵਿੰਗ ਨੂੰ ਅਨੁਕੂਲ ਬਣਾਓ
  - o ਹੌਲੀ ਹੋ ਜਾਓ!
  - o ਅਗਲੇ ਵਾਹਨ ਤੋਂ ਦੂਰੀ ਵਧਾਓ।
  - o ਅਚਾਨਕ ਬ੍ਰੇਕ ਲਗਾਉਣ ਜਾਂ ਤਿੱਖੇ ਮੋੜਾਂ ਤੋਂ ਬਚੋ।
  - o ਹਾਲਾਤ ਮਾੜੇ ਹੋਣ 'ਤੇ ਦੂਜੇ ਵਾਹਨਾਂ ਤੋਂ ਅੱਗੇ ਲੰਘਣ ਤੋਂ ਬਚੋ।
  - o ਕਦੇ ਵੀ ਤਿਲਕਣ ਵਾਲੀਆਂ ਸੜਕਾਂ 'ਤੇ ਕਰੂਜ਼ ਕੰਟ੍ਰੋਲ ਦੀ ਵਰਤੋਂ ਨਾ ਕਰੋ।

**ਸੁਰੱਖਿਆ ਸੁਝਾਅ:**
ਕਰੂਜ਼ ਕੰਟ੍ਰੋਲ ਕਾਰਨ ਟ੍ਰੈਕਸ਼ਨ ਖਤਮ ਹੋਣ 'ਤੇ ਤੁਹਾਡਾ ਟਰੱਕ ਰਫ਼ਤਾਰ ਵਧਾ ਸਕਦਾ ਹੈ ਜਾਂ ਰਫ਼ਤਾਰ ਬਣਾ ਕੇ ਰੱਖ ਸਕਦਾ ਹੈ, ਜਿਸ ਨਾਲ ਤਿਲਕਣ ਜਾਂ ਜੈਕਨਾਈਫਿੰਗ ਦਾ ਜੋਖਮ ਵੱਧ ਜਾਂਦਾ ਹੈ। ਸਰਦੀਆਂ ਵਿੱਚ, ਸੜਕ ਦੇ ਬਦਲਦੇ ਹਾਲਾਤ 'ਤੇ ਤੇਜ਼ੀ ਨਾਲ ਪ੍ਰਤਿਕਿਰਿਆ ਕਰਨ ਲਈ ਤੁਹਾਨੂੰ ਪੂਰੇ ਨਿਯੰਤ੍ਰਣ ਦੀ ਲੋੜ ਹੁੰਦੀ ਹੈ।

## ਕਾਨੂੰਨ

ਕੈਨੇਡਾ: ਬੀਸੀ ਇੱਕੋ-ਇੱਕ ਸੂਬਾ ਹੈ ਜਿਸ ਵਿੱਚ ਟਾਇਰ ਚੇਨ ਦੇ ਵਿਸਤ੍ਰਿਤ ਨਿਯਮ ਹਨ।




- ਬ੍ਰਿਟਿਸ਼ ਕੋਲੰਬੀਆ ਵਿੱਚ, ਵਪਾਰਕ ਵਾਹਨਾਂ (ਗਰੇਟਰ ਵੈਨਕੂਵਰ/ਗਰੇਟਰ ਵਿਕਟੋਰੀਆ ਤੋਂ ਬਾਹਰ) ਵਿੱਚ 1 ਅਕਤੂਬਰ ਤੋਂ 30 ਅਪਰੈਲ (31 ਮਾਰਚ ਤੋਂ ਪਹਿਲਾਂ ਦੇ ਕੁਝ ਰੂਟਾਂ ਦੇ ਨਾਲ) ਚੇਨਾਂ ਜਾਂ ਹੋਰ ਪਰਵਾਨਿਤ ਟਰੈਕਸ਼ਨ ਡਿਵਾਈਸਾਂ ਨੂੰ ਰੱਖਣਾ ਲਾਜ਼ਮੀ ਹੈ

ਮੈਨੀਟੋਬਾ ਦੀਆਂ ਆਈਸ ਵਾਲੀਆਂ ਸੜਕਾਂ:

- 7,000 ਕਿਲੋਗ੍ਰਾਮ ਤੋਂ ਵੱਧ ਵਾਹਨ ਦੇ ਕੁੱਲ ਵਜ਼ਨ (GVW) ਵਾਲੇ ਵਾਹਨਾਂ ਲਈ ਆਈਸ ਵਾਲੀਆਂ ਸੜਕਾਂ 'ਤੇ, 15 ਕਿਮੀ/ਘੰਟਾ ਦੀ ਗਤੀ ਸੀਮਾ ਨੂੰ ਪਾਰ ਨਹੀਂ ਕੀਤਾ ਜਾ ਸਕਦਾ।
  - o ਉਸੇ ਦਿਸ਼ਾ ਵਿੱਚ ਯਾਤਰਾ ਕਰਦੇ ਸਮੇਂ 1 ਕਿਮੀ ਦੀ ਦੂਰੀ ਬਣਾ ਕੇ ਰੱਖਣਾ ਲਾਜ਼ਮੀ ਹੈ
- ਜ਼ਮੀਨ-ਅਧਾਰਤ ਸਰਦੀਆਂ ਦੀਆਂ ਸੜਕਾਂ 'ਤੇ: ਭਾਰੀ ਵਾਹਨਾਂ ਲਈ ਗਤੀ ਸੀਮਾ ਵੱਧ ਤੋਂ ਵੱਧ 40 ਕਿਮੀ ਪਰ੍ਤੀ ਘੰਟਾ ਹੈ

ਅਮਰੀਕੀ ਟਾਇਰ ਚੇਨ ਵਿਨਿਯਮ: ਅਮਰੀਕਾ ਵਿੱਚ ਟਾਇਰ ਚੇਨ ਕਾਨੂੰਨ ਰਾਜ ਅਨੁਸਾਰ ਵੱਖ-ਵੱਖ ਹਨ। ਸਾਰੇ ਰਾਜਾਂ ਵਿੱਚ ਟਾਇਰਾਂ ਦੀਆਂ ਚੇਨਾਂ ਬਾਰੇ ਨਿਯਮ ਨਹੀਂ ਹਨ।

- ਕੋਲੋਰਾਡੋ: ਕੁਝ ਹਾਈਵੇਅ 'ਤੇ ਵਪਾਰਕ ਵਾਹਨਾਂ ਵਿੱਚ 1 ਸਤੰਬਰ ਤੋਂ 31 ਮਈ ਤੱਕ ਲੋੜੀਂਦੀਆਂ ਚੇਨਾਂ ਨੂੰ ਰੱਖਣਾ ਲਾਜ਼ਮੀ ਹੈ
  - o ਦੋ ਚੇਨ-ਕਾਨੂੰਨ ਪੱਧਰ:
    - » ਸਤਰ 1: ਸਿੰਗਲ-ਡ੍ਰਾਈਵ ਐਕਸਲ ਸੰਯੋਜਨਾਂ ਨੂੰ ਚਾਰੋ ਡ੍ਰਾਈਵ ਵ੍ਹੀਲਾਂ ਨੂੰ ਚੇਨ ਕਰਨਾ ਲਾਜ਼ਮੀ ਹੈ; ਦੂਜੇ ਵਪਾਰਕ ਵਾਹਨਾਂ ਵਿੱਚ ਸਨੋਅ ਟਾਇਰ ਜਾਂ ਚੇਨਾਂ ਲਾਜ਼ਮੀ ਹੋਣੀਆਂ ਚਾਹੀਦੀਆਂ ਹਨ
    - » ਸਤਰ 2: ਸਾਰੇ ਵਪਾਰਕ ਵਾਹਨਾਂ 'ਤੇ ਚੇਨ ਲਗਾਉਣੀ ਲਾਜ਼ਮੀ ਹੈ; ਸਿੰਗਲ-ਐਕਸਲ ਅਤੇ ਟੈਂਡਮ ਡਰ੍ਹਾਈਵ ਐਕਸਲ ਸੰਯੋਜਨਾਂ ਨੂੰ ਚਾਰੋ ਡਰ੍ਹਾਈਵ ਵਹ੍ਹੀਲਾਂ ਨੂੰ ਚੇਨ ਕਰਨਾ ਲਾਜ਼ਮੀ ਹੈ
- ਓਰੇਗਨ: ਵਪਾਰਕ ਵਾਹਨਾਂ ਵਿੱਚ ਚੇਨਾਂ ਲਾਜ਼ਮੀ ਹੋਣੀਆਂ ਚਾਹੀਦੀਆਂ ਹਨ ਜਦੋਂ ਸੜਕ ਦੇ ਚਿੰਨ੍ਹ "ਚੇਨਾਂ ਦੀ ਲੋੜ" ਦਰਸਾਉਂਦੇ ਹਨ
- ਉਟਾਹ: ਮਨੋਨੀਤ ਹਾਈਵੇਅ 'ਤੇ, 1 ਅਕਤੂਬਰ ਤੋਂ 30 ਅਪ੍ਰੈਲ (ਜਾਂ ਜਦੋਂ DOT ਦੁਆਰਾ ਪੋਸਟ ਕੀਤਾ ਜਾਂਦਾ ਹੈ), ਚਾਰ ਜਾਂ ਵੱਧ ਡਰ੍ਹਾਈਵ ਵਹ੍ਹੀਲਾਂ ਵਾਲੇ ਵਪਾਰਕ ਵਾਹਨਾਂ ਨੂੰ ਘੱਟੋ-ਘੱਟ ਚਾਰ ਡਰ੍ਹਾਈਵ-ਵਹ੍ਹੀਲ ਟਾਇਰਾਂ 'ਤੇ ਚੇਨਾਂ ਲਗਾਉਣਾ ਲਾਜ਼ਮੀ ਹੈ
- ਵਿਓਮਿੰਗ: "ਦੋ-ਪੱਧਰੀ" ਪਾਬੰਦੀ ਪ੍ਰਣਾਲੀ। ਲੈਵਲ 2 (ਅਤਿਅੰਤ ਸਥਿਤੀਆਂ) ਦੇ ਤਹਿਤ, ਵਪਾਰਕ ਵਾਹਨਾਂ ਦੇ ਇੱਕੋ ਡਰ੍ਹਾਈਵ ਐਕਸਲ ਦੇ ਉਲਟੇ ਸਿਰਿਆਂ 'ਤੇ ਘੱਟੋ-ਘੱਟ ਦੋ ਡਰ੍ਹਾਈਵ ਵਹ੍ਹੀਲਾਂ 'ਤੇ ਚੇਨਾਂ ਲਾਜ਼ਮੀ ਹੋਣੀਆਂ ਚਾਹੀਦੀਆਂ ਹਨ
- ਕੈਲੀਫੋਰਨੀਆ: ਜਦੋਂ ਚੇਨ-ਕੰਟ੍ਰੋਲ ਸੰਕੇਤ ਪੋਸਟ ਕੀਤੇ ਜਾਂਦੇ ਹਨ (R-1/R-2/R-3 ਸਿਸਟਮ) ਤਾਂ ਚੇਨਾਂ ਦੀ ਲੋੜ ਹੁੰਦੀ ਹੈ। ਹਾਲਾਂਕਿ ਹਮੇਸ਼ਾਂ ਇੱਕ ਨਿਸ਼ਚਿਤ ਮੌਸਮੀ ਲੋੜ ਨਹੀਂ ਹੁੰਦੀ, ਜਦੋਂ ਸੰਕੇਤ ਕਹਿੰਦਾ ਹੈ ਤਾਂ ਵਪਾਰਕ ਵਾਹਨਾਂ ਨੂੰ ਲਾਜ਼ਮੀ ਤੌਰ 'ਤੇ ਇਸਦੀ ਪਾਲਣਾ ਕਰਨੀ ਚਾਹੀਦੀ ਹੈ

## ਰੋਕਥਾਮ

ਸਰਦੀਆਂ ਵਿੱਚ ਡ੍ਰਾਈਵਿੰਗ ਕਰਨਾ ਕੰਮ ਦਾ ਹਿੱਸਾ ਹੈ—ਪਰ ਜ਼ਰੂਰੀ ਨਹੀਂ ਕਿ ਇਹ ਖਤਰਨਾਕ ਹੋਵੇ। ਸਹੀ ਤਿਆਰੀ, ਜਾਗਰੂਕਤਾ ਅਤੇ ਫੈਸਲੇ ਲੈਣ ਦੇ ਨਾਲ, ਤੁਸੀਂ ਸੜਕ 'ਤੇ ਆਪਣੀ ਅਤੇ ਦੂਜਿਆਂ ਦੀ ਰੱਖਿਆ ਕਰ ਸਕਦੇ ਹੋ। ਭਾਵੇਂ ਤੁਸੀਂ ਸ਼ਹਿਰ ਦੀਆਂ ਸੜਕਾਂ 'ਤੇ ਨੈਵੀਗੇਟ ਕਰ ਰਹੇ ਹੋ ਜਾਂ ਸੂਬਿਆਂ ਅਤੇ ਸਰਹੱਦਾਂ ਨੂੰ ਪਾਰ ਕਰ ਰਹੇ ਹੋ, ਤੁਹਾਡੀ ਸੁਰੱਖਿਆ ਸਮਾਰਟ ਚੋਣਾਂ ਨਾਲ ਸ਼ੁਰੂ ਹੁੰਦੀ ਹੈ।

## ਹੋਰ ਜਾਣਕਾਰੀ ਚਾਹੀਦੀ ਹੈ? RPM ਮਦਦ ਕਰ ਸਕਦਾ ਹੈ!



ਖ਼ਤਰੇ ਦੀ ਪਛਾਣ ਅਤੇ ਜੋਖਮ ਨਿਯੰਤ੍ਰਣ
ਇਹ ਜਾਣਨਾ ਕਿ ਕਾਰਜ-ਸਥਾਨ 'ਤੇ ਵਰਕਰਾਂ ਨੂੰ ਕਿਵੇਂ ਸੱਟ ਲੱਗ ਸਕਦੀ ਹੈ, ਇਹ ਯਕੀਨੀ ਬਣਾਉਣ ਦਾ ਪਹਿਲਾ ਕਦਮ ਹੈ ਕਿ ਉਹ ਸੁਰੱਖਿਅਤ ਹਨ। ਇਹ ਕੋਰਸ ਵਿਦਿਆਰਥੀਆਂ ਨੂੰ ਉਹਨਾਂ ਦੇ ਕਾਰਜ-ਸਥਾਨ ਦੇ ਖਤਰਨਾਕ ਤੱਤਾਂ ਦੀ ਪਛਾਣ ਕਰਨ, ਮੁਲਾਂਕਣ ਕਰਨ ਅਤੇ ਉਹਨਾਂ ਨੂੰ ਨਿਯੰਤ੍ਰਿਤ ਕਰਨ ਲਈ ਲੋੜੀਂਦਾ ਵਿਹਾਰਕ ਗਿਆਨ ਪ੍ਰਦਾਨ ਕਰੇਗਾ ਤਾਂ ਜੋ ਉਹ ਖਤਰਨਾਕ ਘਟਨਾਵਾਂ ਨੂੰ ਰੋਕਣ ਵਿੱਚ ਆਪਣੀ ਭੂਮਿਕਾ ਨਿਭਾ ਸਕਣ।



ਐਮਰਜੈਂਸੀ ਫਸਟ ਏਡ: ਲੈਵਲ C ਅਤੇ AED
ਇਹ ਫਸਟ ਏਡ ਅਤੇ ਕਾਰਡੀਓਪਲਮੋਨਰੀ ਰੀਸਸੀਟੇਸ਼ਨ (CPR) ਕੋਰਸ ਬਾਲਗਾਂ, ਬੱਚਿਆਂ ਅਤੇ ਛੋਟੇ ਬਾਲਾਂ ਲਈ ਕਾਰਡੀਓਵੈਸਕੁਲਰ ਐਮਰਜੈਂਸੀਆਂ ਅਤੇ ਦਮ ਘੁੱਟਣ ਦੀ ਪਛਾਣ ਕਰ ਕੇ ਉਹਨਾਂ ਲਈ ਪ੍ਰਤਿਕਿਰਿਆ ਕਰਨ ਲਈ ਲੋੜੀਂਦੀਆਂ ਮੁਹਾਰਤਾਂ ਪ੍ਰਦਾਨ ਕਰਦਾ ਹੈ। ਇਹ ਕੋਰਸ RPM ਸੇਫਟੀ ਦੁਆਰਾ ਮੁਹੱਈਆ ਕੀਤਾ ਜਾਂਦਾ ਹੈ ਅਤੇ ਕਾਰਜ-ਸਥਾਨ ਦੀਆਂ ਲੋੜਾਂ ਲਈ ਢੁਕਵਾਂ ਹੈ।


RISK. PROFESSIONALLY MANAGED.

ਫ਼ੋਨ: 204-632-6600 | ਈਮੇਲ: info@rpmsafety.ca | ਵੈੱਬ: www.rpmsafety.ca

25 Bunting Street Winnipeg, MB R2X 2P5